ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ
ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ
ਫੋਨ ਨੰ: 0172-2624673, ਫੈਕਸ ਨੰ: 2624687 ਈ-ਮੇਲ : dgsepunjab18@gmail.com

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)ਪੰਜਾਬ
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)ਪੰਜਾਬ
ਪੰਜਾਬ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਦੇ ਮੁੱਖੀ(ਵੈਬਸਾਇਟ ਰਾਹੀਂ)

ਮੀਮੋ ਨੰ: ਆਈ.ਈ.ਡੀ/ਸਸਅ/2013/4396-4440
ਮਿਤੀ,ਚੰਡੀਗੜ੍ਹ: 01/03/2013

ਵਿਸ਼ਾ: ਸਕੂਲਾਂ ਵਿੱਚ ਪੜ੍ਹ ਰਹੇ ਘੱਟ ਨਿਗ੍ਹਾ ਅਤੇ ਘੱਟ ਸੁਨਣ ਵਾਲੇ ਵਿਦਿਆਰਥੀਆਂ ਦੀ ਸ਼ਨਾਖਤ ਕਰਨ ਸਬੰਧੀ ਅਤੇ ਉਹਨਾਂ ਦੇ ਕਲਾਸ ਵਿੱਚ ਬੈਠਣ ਅਤੇ ਇਲਾਜ ਸਬੰਧੀ।

ੳ. ਜਿਵੇਂ ਕਿ ਆਪ ਨੂੰ ਪਤਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਕੁਝ ਵਿਦਿਆਰਥੀ ਅਜਿਹੇ ਹੁੰਦੇ ਹਨ ਜਿਹੜੇ ਅਕਸਰ ਪਿੱਛੇ ਬੈਠਦੇ ਹਨ ਅਤੇ ਜਮਾਤ ਦੀਆਂ ਗਤੀਵਿਧੀਆਂ ਵਿੱਚ ਜ਼ਿਆਦਾ ਰੁਚੀ ਨਹੀਂ ਦਿਖਾਉਂਦੇ। ਪ੍ਰੰਤੂ ਕੀ ਤੁਹਾਨੂੰ ਪਤਾ ਹੈ ਕਿ ਇਸ ਦਾ ਕਾਰਣ ਕਈ ਵਾਰ ਵਿਦਿਆਰਥੀ ਦੀ ਘੱਟ ਨਜ਼ਰ ਜਾਂ ਸੁਨਣ ਵਿੱਚ ਕਮੀ ਹੁੰਦਾ ਹੈ।

ਅ. ਅਜਿਹੇ ਕਈ ਵਿਦਿਆਰਥੀ ਸਾਡੇ ਸਕੂਲਾਂ ਵਿੱਚ ਪੜ੍ਹਨ ਆਉਂਦੇ ਹਨ ਜਿਨ੍ਹਾਂ ਦੀ ਨਜ਼ਰ ਘੱਟ ਹੁੰਦੀ ਹੈ ਜਾਂ ਸੁਨਣ ਵਿੱਚ ਕਮੀ ਹੁੰਦੀ ਹੈ। ਪਰ ਕਈ ਵਾਰੀ ਨਾ ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ, ਨਾ ਉਹਨਾਂ ਦੇ ਮਾਤਾ ਪਿਤਾ ਨੂੰ ਪਤਾ ਚੱਲਦਾ ਹੈ ਅਤੇ ਨਾ ਹੀ ਅਧਿਆਪਕ ਨੂੰ ਇਸ ਸਮੱਸਿਆ ਬਾਰੇ ਪਤਾ ਲੱਗਦਾ ਹੈ। ਇਹ ਵਿਦਿਆਰਥੀ ਅਕਸਰ ਜਮਾਤ ਵਿੱਚ ਪਿੱਛੇ ਬੈਠਦੇ ਹਨ, ਕਿਉਂਕਿ ਇਹਨਾਂ ਨੂੰ ਸੁਨਣ ਜਾਂ ਦਿਖਣ ਦੀ ਸਮੱਸਿਆ ਕਰਕੇ ਅਧਿਆਪਕ ਵੱਲੋਂ ਪੜ੍ਹਾਇਆ ਪਾਠ ਸਮਝ ਵਿੱਚ ਨਹੀਂ ਆਉਂਦਾ ਅਤੇ ਇਹਨਾਂ ਦਾ ਪੜ੍ਹਾਈ ਵਿੱਚ ਰੁਝਾਨ ਘਟ ਜਾਂਦਾ ਹੈ।

ੲ. ਉਕਤ ਨੂੰ ਮੁੱਖ ਰੱਖਦੇ ਹੋਏ ਆਪ ਜੀ ਨੂੰ ਹੇਠ ਲਿਖੇ ਅਨੁਸਾਰ ਹਦਾਇਤ ਕੀਤੀ ਜਾਂਦੀ ਹੈ:-

1. ਸਮੂਹ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੀ ਨਿਗ੍ਹਾ ਅਤੇ ਸੁਨਣ ਸ਼ਕਤੀ ਨੂੰ ਮੋਟੇ ਤੌਰ ਤੇ ਕਲਾਸ ਇੰਨਚਾਰਜ ਦੁਆਰਾ ਚੈਕ ਕਰ ਲਿਆ ਜਾਵੇ ਅਤੇ ਜਿਹਨਾਂ ਬੱਚਿਆਂ ਦੀ ਨੇੜੇ ਜਾਂ ਦੂਰ ਦੀ ਨਿਗ੍ਹਾ ਜਾਂ ਸੁਨਣ ਸ਼ਕਤੀ ਕਮਜ਼ੋਰ ਪਾਈ ਜਾਂਦੀ ਹੈ ਉਹਨਾਂ ਦੀ ਨਿਗ੍ਹਾ/ਸੁਨਣ ਸ਼ਕਤੀ ਅਨੁਲੱਗ ੳ ਵਿੱਚ ਦੱਸੇ ਅਨੁਸਾਰ ਚੈਕ ਕੀਤੀ ਜਾ ਸਕਦੀ ਹੈ ।

2. ਮੋਟ ਤੌਰ ਤੇ ਜਿੱਥੇ ਇਹ ਪਾਇਆ ਜਾਂਦਾ ਹੈ ਕਿ ਬੱਚੇ ਦੀ ਦੂਰ ਦੀ ਨਿਗ੍ਹਾ ਕਮਜ਼ੋਰ ਹੈ ਅਤੇ ਬੱਚਾ ਬਲੈਕ ਬੋਰਡ ਨੂੰ ਚੰਗੀ ਤਰਾਂ ਨਹੀਂ ਵੇਖ ਸਕਦਾ, ਅਜਿਹੇ ਬੱਚਿਆਂ ਨੂੰ ਕਲਾਸ ਵਿੱਚ ਅਗਲੇ ਬੈਚਾਂ ਤੇ ਬਿਠਾਇਆ ਜਾਵੇ ਤਾਂ ਜੋ ਉਹ ਬਲੈਕ ਬੋਰਡ ਚੰਗੀ ਤਰ੍ਹਾਂ ਦੇਖ ਸਕਣ ।

3. ਇਸ ਤਰ੍ਹਾਂ ਜਿਹਨਾਂ ਬੱਚਿਆਂ ਦੀ ਸੁਨਣ ਦੀ ਸਮੱਸਿਆ ਹੈ ਉਹਨਾਂ ਬਾਰੇ ਰੋਲਕਾਲ ਲਗਾਏ ਜਾਣ ਸਮੇਂ ਨਾਮ ਬੁਲਾਏ ਜਾਣ ਤੇ ਜੇਕਰ ਕਿਸੇ ਬੱਚੇ ਦਾ ਜਵਾਬ ਨਹੀਂ ਆਉਂਦਾ ਤਾਂ ਅਜਿਹੇ ਬੱਚੇ ਦੀ ਸ਼ਨਾਖਤ ਹੋ ਸਕਦੀ ਹੈ । ਇਸ ਤੋਂ ਇਲਾਵਾ ਜਿਹੜਾ ਬੱਚਾ ਅਧਿਆਪਕ ਵੱਲੋਂ ਪੁੱਛੇ ਪ੍ਰਸ਼ਨਾਂ ਨੂੰ ਬਾਰ ਬਾਰ ਦੁਹਰਾਉਣ ਲਈ ਕਹਿੰਦਾ ਹੈ ਜਾਂ ਅਧਿਆਪਕ ਨੂੰ ਸੁਣਦੇ ਸਮੇਂ ਉਸ ਦੇ ਚਿਹਰੇ ਨੂੰ ਲੋੜ ਨਾਲੋਂ ਵੱਧ ਧਿਆਨ ਨਾਲ ਦੇਖਦਾ ਹੈ ਜਾਂ ਜਿਸ ਬੱਚੇ ਦੇ ਕੰਨ ਵਗਦੇ ਰਹਿੰਦੇ ਹਨ, ਅਜਿਹੇ ਬੱਚੇ ਘੱਟ ਸੁਣਨ ਦੀ ਸਮੱਸਿਆ ਤੋਂ ਪੀੜਤ ਹੋ ਸਕਦੇ ਹਨ । ਅਜਿਹੇ ਬੱਚਿਆਂ ਨੂੰ ਵੀ ਤੁਰੰਤ ਕਲਾਸ ਵਿੱਚ ਸਭ ਤੋਂ ਅਗਲੇ ਬੈਚਾਂ ਤੇ ਬਿਠਾਇਆ ਜਾਣਾ ਚਾਹੀਦਾ ਹੈ ।

4. ਜਿੱਥੇ ਕਿਤੇ ਘੱਟ ਨਿਗ੍ਹਾ ਵਾਲੇ ਜਾਂ ਘੱਟ ਸੁਨਣ ਵਾਲੇ ਬੱਚਿਆਂ ਦਾ ਪਤਾ ਲਗਦਾ ਹੈ ਤਾਂ ਅਜਿਹੇ ਬੱਚਿਆਂ ਨੂੰ ਤੁਰੰਤ ਨੇੜੇ ਦੇ ਸਰਕਾਰੀ ਹਸਪਤਾਲ ਵਿਖੇ ਚੈਕ ਕਰਵਾਇਆ ਜਾਵੇ । ਜਿਹਨਾਂ ਬੱਚਿਆਂ ਦਾ ਟੈਸਟ ਉਪਰੰਤ ਘੱਟ ਨਿਗ੍ਹਾ ਜਾਂ ਘੱਟ ਸੁਨਣ ਦਾ ਪਤਾ ਲਗਦਾ ਹੈ ਅਜਿਹੇ ਬੱਚਿਆਂ ਬਾਰੇ ਤੁਰੰਤ ਜ਼ਿਲ੍ਹੇ ਦੇ ਆਈ.ਈ.ਡੀ ਅਧਿਕਾਰੀਆਂ ਦੇ ਨੋਟਿਸ ਵਿੱਚ ਲਿਆਂਦਾ ਜਾਵੇ। ਇਹਨਾਂ ਜ਼ਿਲ੍ਹਾਵਾਰ ਆਈ.ਈ.ਡੀ ਅਧਿਕਾਰੀਆਂ ਦੇ ਫੋਨ ਅਤੇ ਨਾਮ ਨਾਲ ਨੱਥੀ ਅਨੁਲੱਗ ਅ ਵਿੱਚ ਦੱਸੇ ਹਨ । ਅਜਿਹੇ ਬੱਚਿਆਂ ਦੀ ਸਪੈਸ਼ਲ ਤੌਰ ਤੇ ਦੇਖ ਰੇਖ ਅਤੇ ਪੜ੍ਹਾਈ ਲਈ ਅਧਿਆਪਕਾਂ ਲਈ ਟਰੇਨਿੰਗ ਮਾਡਿਊਲ ਤਿਆਰ ਕੀਤਾ ਗਿਆ ਹੈ ਜੋ ਕਿ ਐਸ.ਐਸ.ਏ ਦੀ ਵੈਬਸਾਈਟ ਤੇ ਡਾਊਨਲੋਡ ਸੈਕਸ਼ਨ ਤੇ ਉਪਲੱਬਧ ਹੈ । ਇਸ ਟਰੇਨਿੰਗ ਮਾਡਿਊਲ ਦੀ ਜਾਣਕਾਰੀ ਦੇ ਆਧਾਰ ਤੇ ਅਧਿਆਪਕ ਅਜਿਹੇ ਬੱਚਿਆਂ ਦੀ ਸਮੱਸਿਆ ਅਨੁਸਾਰ ਪੜ੍ਹਾਈ ਕਰਵਾ ਸਕਦੇ ਹਨ ।

5. ਉਕਤ ਦੱਸੀਆਂ ਕੁਝ ਸੌਖੀਆਂ ਜਿਹੀਆਂ ਗੱਲਾਂ ਨਾਲ ਕੁਝ ਬੱਚਿਆਂ ਦੀ ਵੇਖਣ ਅਤੇ ਸੁਨਣ ਦੀ ਸਮੱਸਿਆ ਹੱਲ ਹੋ ਸਕਦੀ ਹੈ ਅਤੇ ਉਹਨਾਂ ਦੀ ਪੜ੍ਹਾਈ ਵਿੱਚ ਰੁਚੀ ਪੈਦਾ ਹੋ ਸਕਦੀ ਹੈ । ਅਜਿਹੇ ਬੱਚਿਆਂ ਦੀ ਸ਼ਨਾਖਤ ਕਰਵਾਕੇ ਉਹਨਾਂ ਦਾ ਇਲਾਜ ਜਾਂ ਐਨਕਾਂ ਜਾਂ ਹੋਰ ਉਪਕਰਣ ਮੁਹੱਈਆ ਕਰਵਾਏ ਜਾ ਸਕਦੇ ਹਨ ਜੋ ਕਿ ਸਰਵ ਸਿੱਖਿਆ ਅਭਿਆਨ ਅਥਾਰਟੀ ਵੱਲੋਂ ਮੁਫਤ ਮੁਹੱਈਆ ਕੀਤੇ ਜਾਂਦੇ ਹਨ । ਇਸ ਤਰ੍ਹਾਂ ਕਲਾਸ ਰੂਮ ਸੀਟਿੰਗ ਅਰੈਂਜਮੈਂਟ ਇਹਨਾਂ ਬੱਚਿਆਂ ਦੀ ਲੋੜ ਅਨੁਸਾਰ ਥੋੜ੍ਹੀ ਜੇਹੀ ਬਦਲਕੇ ਇਹਨਾਂ ਬੱਚਿਆਂ ਦੀ ਪੜ੍ਹਨ/ਸੁਨਣ ਵਿੱਚ ਮੱਦਦ ਕੀਤੀ ਜਾ ਸਕਦੀ ਹੈ ।

ਕੇ.ਐਸ.ਪੰਨੂੰ,ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਪਿੱਠ ਅੰਕਣ ਨੰ: ੫੫੬੩ ਮਿਤੀ,ਚੰਡੀਗੜ੍ਹ: ੦1|03/2013

ਉਤਾਰਾ ਸਮੂਹ ਆਈ.ਈ.ਡੀ ਕੋਆਰਡੀਨੇਟਰ/ਬਲਾਕ ਪੱਧਰੀ ਆਈ.ਈ.ਆਰ.ਟੀ ਨੂੰ ਇਸ ਹਦਾਇਤ ਨਾਲ ਭੇਜੀ ਜਾਂਦੀ ਹੈ ਕਿ ਜ਼ਿਲ੍ਹੇ ਦੇ ਸਕੂਲਾਂ ਵਿੱਚ ਪੜ੍ਹ ਰਹੇ ਸਮੂਹ ਘੱਟ ਨਿਗ੍ਹਾ ਵਾਲੇ ਅਤੇ ਘੱਟ ਸੁਨਣ ਵਾਲੇ ਬੱਚਿਆਂ ਦੀ ਸ਼ਨਾਖਤ ਕੀਤੀ ਜਾਵੇ ਅਤੇ ਇਸ ਸਬੰਧੀ ਸਕੂਲ ਵਾਈਜ ਲਿਸਟ ਤਿਆਰ ਕਰਕੇ ਉਹਨਾਂ ਦੇ ਇਲਾਜ ਲਈ ਅਗਲੇਰੀ ਕਾਰਵਾਈ ਕਰਨ ਹਿੱਤ ਇਸ ਦਫਤਰ ਨੂੰ ਲਿਖਿਆ ਜਾਵੇ । ਉਕਤ ਹਦਾਇਤਾਂ ਜ਼ਿਲ੍ਹੇ ਦੇ ਸਮੂਹ ਸਕੂਲ ਮੁੱਖੀਆਂ/ਅਧਿਆਪਕਾਂ ਦੇ ਨੋਟਿਸ ਵਿੱਚ ਲਿਆ ਦਿੱਤੀਆਂ ਜਾਣ।

ਕੇ.ਐਸ.ਪੰਨੂੰ,ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

## ਅਨੁਲੱਗ 'ਓ'

## ਵਿਸ਼ੇਸ਼ ਵਿਦਿਅਕ ਲੋੜਾਂ ਵਾਲੇ ਬੱਚਿਆਂ ਦੀ ਪਹਿਚਾਣ ਲਈ ਪੜਤਾਲ ਸੂਚੀ

### 1. ਘੱਟ ਨਜ਼ਰ ਲਈ :-

- ਕੀ ਬੱਚਾ ਆਪਣੀਆਂ ਅੱਖਾਂ ਨੂੰ ਜ਼ੋਰ ਨਾਲ ਮਲਦਾ ਹੈ ਜਾਂ ਝਪਕਾਉਂਦਾ ਹੈ, ਵਿਸ਼ੇਸ਼ ਤੌਰ ਤੇ ਨੇੜੇ ਦੀਆਂ ਵਸਤੂਆਂ ਵੇਖਣ ਸਮੇਂ?
- ਬੱਚੇ ਦੀਆਂ ਅੱਖਾਂ ਵਿੱਚ ਲਗਾਤਾਰ ਪਾਣੀ ਭਰਿਆ ਰਹਿੰਦਾ ਜਾਂ ਵੱਗਦਾ ਰਹਿੰਦਾ ਹੈ ਜਾਂ ਫਿਰ ਉਨ੍ਹਾਂ ਵਿੱਚ ਸੋਜ਼ਿਸ਼ ਰਹਿੰਦੀ ਹੈ ਅਤੇ ਉਨ੍ਹਾਂ ਦਾ ਰੰਗ ਲਾਲ ਹੈ।
- ਵੇਖਣ ਸਮੇਂ ਆਪਣਾ ਸਿਰ ਅੱਗੇ ਨੂੰ ਮੋੜਦਾ ਜਾਂ ਝੁਕਾਉਂਦਾ ਹੈ।
- ਪੜ੍ਹਨ ਸਮੇਂ ਪਾਠ ਸਮੱਗਰੀ ਨੂੰ ਆਪਣੀਆਂ ਅੱਖਾਂ ਦੇ ਬਹੁਤ ਨੇੜੇ ਰੱਖਦਾ ਹੈ।
- ਕੀ ਉਹ ਟੀਰ ਮਾਰਦਾ ਹੈ ਜਾਂ ਪਲਕਾਂ ਹੇਠਾਂ ਸੁੱਟੀ ਰੱਖਦਾ ਹੈ।
- ਉਸ ਨੂੰ ਅੱਖਾਂ ਅੱਗੇ ਧੁੰਦਲਾਪਨ, ਇਨ੍ਹਾਂ ਵਿੱਚ ਖਾਰਿਸ਼ ਜਾਂ ਅੱਖਾਂ ਦੁਆਲੇ ਝਰੀਟਾਂ ਪਈਆਂ ਰਹਿਣ ਦੀ ਸ਼ਿਕਾਇਤ ਰਹਿੰਦੀ ਹੈ।

❖ <u>ਘੱਟ ਨਜ਼ਰ ਵਾਲੇ ਬੱਚਿਆਂ ਦੀ ਸ਼ਨਾਖਤ ਲਈ</u>:- ਇਸ ਪੱਤਰ ਦੇ ਨਾਲ ਨੱਥੀ ਚਾਰਟ ਦਾ A-4 ਸਾਈਜ਼ ਕਾਗਜ਼ ਤੇ ਪ੍ਰਿੰਟ ਕੱਢ ਕੇ ਕੰਧ ਤੇ ਟੰਗਿਆ ਜਾਵੇ ਜਿੱਥੇ ਪੂਰੀ ਰੋਸ਼ਨੀ ਹੋਵੇ ਅਤੇ ਚਾਰਟ ਬੱਚੇ ਦੀਆਂ ਅੱਖਾਂ ਦੇ ਲੈਵਲ ਤੇ ਹੋਵੇ।

❖ <u>ਦੂਰ ਦੀ ਨਿਗ੍ਹਾ ਟੈਸਟ ਕਰਨ ਲਈ</u> ਬੱਚੇ ਨੂੰ 10 ਫੁੱਟ ਦੀ ਦੂਰੀ ਤੇ ਖੜ੍ਹਾ ਕਰਕੇ ਚਾਰਟ ਦੇ ਉਪੱਰਲੇ ਹਿੱਸੇ ਵਿੱਚ ਲਿਖੇ ਸ਼ਬਦਾਂ ਨੂੰ ਪੜ੍ਹਨ ਲਈ ਕਿਹਾ ਜਾਵੇ। ਜੇਕਰ ਬੱਚਾ ਸਹੀ ਨਹੀਂ ਪੜ੍ਹ ਸਕਦਾ ਤਾਂ ਉਸਦੀ ਦੂਰ ਦੀ ਨਿਗ੍ਹਾ ਕਮਜ਼ੋਰ ਹੋ ਸਕਦੀ ਹੈ।

❖ <u>ਨਜ਼ਦੀਕ ਦੀ ਨਿਗ੍ਹਾ ਟੈਸਟ ਕਰਨ ਲਈ</u> ਬੱਚੇ ਨੂੰ ਕੁਰਸੀ ਤੇ ਬਿਠਾ ਕੇ 16 ਇੰਚ (1¼ ਫੁਟ ਜਾਂ 40 cms) ਦੀ ਦੂਰੀ ਤੋਂ ਉਸੇ ਚਾਰਟ ਦੇ ਹੇਠਲੇ ਹਿੱਸੇ ਨੂੰ ਪੜ੍ਹਨ ਲਈ ਕਿਹਾ ਜਾਵੇ। ਜਿਹੜੇ ਬੱਚੇ ਸਹੀ ਜਵਾਬ ਨਹੀਂ ਦੇ ਸਕਦੇ ਜਾਂ ਰੁਕਾਵਟ ਨਾਲ ਜਵਾਬ ਦਿੰਦੇ ਹਨ, ਉਹਨਾਂ ਦੀ ਨਜ਼ਦੀਕ ਦੀ ਨਜ਼ਰ ਵਿੱਚ ਕਮੀ ਹੋ ਸਕਦੀ ਹੈ।

❖ ***<u>ਨੋਟ</u>:- ਚਾਰਟ ਪੜ੍ਹਣ ਸਮੇਂ ਕਮਰੇ ਵਿੱਚ ਜਮਾਤ ਦੇ ਹੋਰ ਬੱਚੇ ਨਾ ਹੋਣ ਤਾਂ ਜ਼ੋ ਨਿਗ੍ਹਾ ਟੈਸਟ ਕਰਨ ਸਮੇਂ ਕੋਈ ਵਿਘਨ ਨਾ ਪਵੇ।***

### 2. ਘੱਟ ਸੁਣਨ ਲਈ :-

- ਬੱਚੇ ਨੂੰ ਜੋ ਬੋਲਿਆ ਜਾ ਰਿਹਾ ਹੈ, ਸਮਝਣ ਵਿੱਚ ਮੁਸ਼ਕਿਲ ਮਹਿਸੂਸ ਹੁੰਦੀ ਹੈ।
- ਉਸ ਦੀ ਅਵਾਜ਼ ਹੈ ਹੀ ਨਹੀਂ ਜਾਂ ਫਿਰ ਸਪੱਸ਼ਟ ਨਹੀਂ ਜਾਂ ਅਸੁਭਾਵਿਕ ਹੈ।
- ਗੱਲ ਕਰਦੇ ਸਮੇਂ ਇਸ਼ਾਰਿਆਂ ਦੀ ਵੱਧ ਵਰਤੋਂ ਕਰਦਾ ਹੈ।
- ਉਹ ਪੁੱਛੇ ਪ੍ਰਸ਼ਨਾਂ ਜਾਂ ਗੱਲਾਂ ਨੂੰ ਦੁਹਰਾਉਣ ਲਈ ਕਹਿੰਦਾ ਹੈ।
- ਉਸਦੇ ਕੰਨ ਲਗਾਤਾਰ ਵਗਦੇ ਰਹਿੰਦੇ ਹਨ।
- ਉਹ ਸੁਣਦੇ ਸਮੇਂ ਬੁਲਾਰੇ ਦੇ ਹੋਠਾਂ ਅਤੇ ਚਿਹਰੇ ਵੱਲ ਜ਼ਰੂਰਤ ਤੋਂ ਵੱਧ ਧਿਆਨ ਦਿੰਦਾ ਹੈ।
- ਉਸਦੇ ਕੰਨਾਂ ਦੀ ਬਨਾਵਟ ਸੁਭਾਵਿਕ ਨਹੀਂ ਹੈ।

# ਅਨੁਲੱਗ 'ਅ'

# ਜ਼ਿਲ੍ਹਾ ਆਈ.ਈ.ਡੀ. ਅਧਿਕਾਰੀਆਂ ਦੀ ਸੂਚੀ

| ਲੜੀ ਨੰ | ਜ਼ਿਲ੍ਹਾ | ਅਧਿਕਾਰੀ ਦਾ ਨਾਮ | ਫੋਨ ਨੰਬਰ | ਈ-ਮੇਲ |
|---|---|---|---|---|
| 1. | ਅੰਮ੍ਰਿਤਸਰ | ਸ਼੍ਰੀ ਧਰਮਿੰਦਰ ਸਿੰਘ | 98888-87666 | ssa_amritsar@yahoo.com, dharminder.ied@gmail.com |
| 2. | ਅਜੀਤਗੜ੍ਹ | ਸ਼੍ਰੀ ਦਵਿੰਦਰ ਸਿੰਘ | 98556-63388 | deossamohali@gmail.com |
| 3. | ਬਰਨਾਲਾ | ਸ੍ਰੀ ਰਾਕੇਸ਼ ਸ਼ਰਮਾ | 95018-37100 | ssabarnala08@gmail.com |
| 4. | ਬਠਿੰਡਾ | ਸ੍ਰੀ ਦਵਿੰਦਰ ਕੁਮਾਰ | 84276-47092 | dpobathinda@gmail.com, dsedev@gmail.com |
| 5. | ਫਤਿਹਗੜ੍ਹ ਸਾਹਿਬ | ਸ਼੍ਰੀ ਗੁਰਵਿੰਦਰ ਪਾਲ ਸਿੰਘ | 81464-11666 | dpofatehgarh@gmail.com |
| 6. | ਫਰੀਦਕੋਟ | ਸ਼੍ਰੀ ਅਮਨਿੰਦਰ ਸਿੰਘ | 98150-05808 | ssafdkssa@yahoo.com, ravi.255100@gmail.com |
| 7. | ਫਿਰੋਜ਼ਪੁਰ | ਸ਼੍ਰੀ ਭੁਪਿੰਦਰ ਸਿੰਘ | 95013-00040 | iedferozepur@gmail.com, dpoferozepur@gmail.com, |
| 8. | ਫਾਜ਼ਿਲਕਾ | ਸ੍ਰੀ ਨਿਸ਼ਾਂਤ ਅਗਰਵਾਲ | 81462-97127 | drpiedfzk@gmail.com |
| 9. | ਗੁਰਦਾਸਪੁਰ | ਸ੍ਰੀ ਅਮ੍ਰੀਕ ਸਿੰਘ | 97791-39949 | iedgurdaspur@gmail.com |
| 10. | ਹੁਸ਼ਿਆਰਪੁਰ | ਸ਼੍ਰੀ ਸੁਖਵਿੰਦਰ ਸਿੰਘ | 98765-11999 | ied09dpohoshiarpur@gmail.com, dpohoshiarpur@gmail.com |
| 11. | ਜਲੰਧਰ | ਸ੍ਰੀ ਰਾਜੂ ਚੌਧਰੀ | 99882-96178 | ssa_jalandhar08@yahoo.com, iedjalandhar@gmail.com |
| 12. | ਕਪੂਰਥਲਾ | ਸ੍ਰੀ ਅਨਿਲ ਸ਼ਰਮਾ | 95017-84100 | dsessakapurthala@gmail.com |
| 13. | ਲੁਧਿਆਣਾ | ਸ਼੍ਰੀ ਗੁਲਜ਼ਾਰ ਸ਼ਾਹ | 98146-97007 | ssa.ied2009@gmail.com |
| 14. | ਮਾਨਸਾ | ਸ੍ਰੀ ਹੀਰਾ ਲਾਲ | 95010-29259 | dpomansa@gmail.com, dsemansa@gmail.com |
| 15. | ਮੋਗਾ | ਸ੍ਰੀ ਮਨੂੰ ਸ਼ਰਮਾ | 98143-93935 | ssamoga@yahoo.com |
| 16. | ਸ੍ਰੀ ਮੁਕਤਸਰ ਸਾਹਿਬ | ਸ਼੍ਰੀ ਅਮਰਗੁਰਪ੍ਰੀਤ ਸਿੰਘ | 95177-00012 | dpomukatsar@gmail.com, amargurpreetbedi@gmail.com |
| 17. | ਨਵਾਂ ਸ਼ਹਿਰ | ਸ਼੍ਰੀ ਜਸਵੀਰ ਸਿੰਘ | 81461-93928 | dponawanshehr@gmail.com |
| 18. | ਪਟਿਆਲਾ | ਸ੍ਰੀ ਪੁਨੀਤ ਸ਼ਰਮਾ | 89684-88771 | ssapatiala@yahoo.co.in, iedssapatiala@gmail.com |
| 19. | ਪਠਾਨਕੋਟ | ਸ਼੍ਰੀ ਰਮਨ ਕੁਮਾਰ. | 80549-70371 | ssapathankot@gmail.com |
| 20. | ਰੋਪੜ | ਸ਼੍ਰੀ ਸ਼ਿਵਜੀਤ ਸਿੰਘ | 96468-00306 | ssa_ropar@yahoo.com |
| 21. | ਸੰਗਰੂਰ | ਸ਼੍ਰੀਮਤੀ ਕਰਮਜੀਤ ਕੌਰ | 97803-23717 | dposangrur@gmail.com |
| 22. | ਤਰਨਤਾਰਨ | ਸ੍ਰੀ ਨਰਿੰਦਰ ਸਿੰਘ | 95920-91084 | ssa_tt@yahoo.com, anujdse15875@gmail.com |
| 23. | ਪੰਜਾਬ ਨੋਡਲ ਅਫ਼ਸਰ | ਸ੍ਰੀ ਭਵਨੀਤ ਗੁਪਤਾ | 98728-34324 | iedpunjabssa@gmail.com |

# Vision Screener

## (Distance)



6/60



6/12

Testing Distance 3 Meters

# Vision Screener

## (Near)



4.0M



1.0M

Testing Distance 40 CM